


# ਕੁਈਨਜ਼ਲੈਂਡ ਵਿੱਚ ਕਿੰਡੀ (ਕਿੰਡਰ)

## ਕਿੰਡੀ ਕੀ ਹੈ?

ਕਿੰਡਰਗਾਰਟਨ, ਜਿਸਨੂੰ ਕਿੰਡੀ ਵਜੋਂ ਜਾਣਿਆ ਜਾਂਦਾ ਹੈ, ਪ੍ਰੈਪ (ਜੋ ਕੁਈਨਜ਼ਲੈਂਡ ਵਿੱਚ ਸਕੂਲ ਜਾਣਾ ਸ਼ੁਰੂ ਕਰਨ ਤੋਂ ਪਹਿਲਾਂ ਦਾ ਸਾਲ ਹੈ) ਸ਼ੁਰੂ ਕਰਨ ਤੋਂ ਪਹਿਲਾਂ ਦੇ ਸਾਲ ਵਿੱਚ ਬੱਚਿਆਂ ਲਈ ਇੱਕ ਥੋੜ੍ਹੇ-ਸਮੇਂ ਦਾ ਸਿੱਖਿਆ ਪ੍ਰੋਗਰਾਮ ਹੈ।
ਕਿੰਡੀ ਇੱਕ ਅਜਿਹੀ ਥਾਂ ਹੈ ਜਿੱਥੇ ਤੁਹਾਡਾ ਬੱਚਾ ਖੇਡਾਂ ਖੇਡ ਕੇ ਅਤੇ ਗੱਲਬਾਤ ਰਾਹੀਂ ਸਿੱਖੇਗਾ ਜੋ ਉਹਨਾਂ ਦੀ ਸ਼ੁਰੂਆਤੀ ਸਿੱਖਿਆ, ਭਲਾਈ ਅਤੇ ਵਿਕਾਸ ਵਿੱਚ ਸਹਾਇਤਾ ਕਰਦੇ ਹਨ। ਕਿੰਡੀ ਵਿੱਚ ਭਾਗ ਲੈਣ ਨਾਲ, ਬੱਚਿਆਂ ਵਿੱਚ ਪੜ੍ਹਾਈ ਲਈ ਪਿਆਰ ਪੈਦਾ ਹੁੰਦਾ ਹੈ ਅਤੇ ਉਹਨਾਂ ਦੀ ਪ੍ਰੈਪ ਵਿੱਚ ਜਾਣ ਲਈ ਸਹਾਇਤਾ ਕੀਤੀ ਜਾਂਦੀ ਹੈ।
ਕੁਈਨਜ਼ਲੈਂਡ ਸਰਕਾਰ ਦੁਆਰਾ ਪ੍ਰਵਾਨਿਤ ਕਿੰਡੀ ਪ੍ਰੋਗਰਾਮਾਂ ਨੂੰ ਯੋਗਤਾ ਪ੍ਰਾਪਤ ਸ਼ੁਰੂਆਤੀ ਬਚਪਨ ਦੇ ਅਧਿਆਪਕ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ। ਸ਼ੁਰੂਆਤੀ ਬਚਪਨ ਦੇ ਸਿੱਖਿਆ ਕੇਂਦਰਾਂ, ਚੁਣੇ ਗਏ ਪੇਂਡੂ ਅਤੇ ਦੂਰ-ਦੁਰਾਡੇ ਅਤੇ ਹੋਰ ਚੁਣੇ ਗਏ ਰਾਜ ਦੇ ਸਕੂਲ ਜਿੱਥੇ ਕਿੰਡਰਗਾਰਟਨ ਤੱਕ ਪਹੁੰਚ ਕਰਨ ਵਿੱਚ ਰੁਕਾਵਟਾਂ ਹਨ ਅਤੇ ਕੁੱਝ ਬੱਚਿਆਂ ਲਈ ਪੱਤਰ-ਵਿਹਾਰ ਰਾਹੀਂ ਸਿੱਖਿਆ ਜਾਂ eKindy ਦੁਆਰਾ ਜੋ ਕਿਸੇ ਕੇਂਦਰ ਤੱਕ ਨਹੀਂ ਪਹੁੰਚ ਸਕਦੇ ਹਨ; ਵਿੱਚ ਕਿੰਡੀ ਪ੍ਰੋਗਰਾਮ ਪੇਸ਼ ਕੀਤੇ ਜਾ ਸਕਦੇ ਹਨ।

## ਕਿੰਡੀ ਵਿੱਚ ਸਿੱਖਣਾ

ਕਿੰਡੀ ਛੋਟੇ ਬੱਚਿਆਂ ਨੂੰ ਇਹ ਕਰਨ ਦੇ ਮੌਕੇ ਪ੍ਰਦਾਨ ਕਰਦਾ ਹੈ:

- ਵਿਚਾਰਾਂ, ਭਾਵਨਾਵਾਂ ਅਤੇ ਲੋੜਾਂ ਨੂੰ ਦੱਸਣ ਲਈ ਭਾਸ਼ਾ ਦੀ ਵਰਤੋਂ
- ਦੋਸਤ ਬਣਾਉਣ, ਗੱਲਬਾਤ ਕਰਨ ਅਤੇ ਦੂਜਿਆਂ ਨਾਲ ਸਹਿਯੋਗ
- ਮੁੱਦਿਆਂ ਦੀ ਪਛਾਣ ਕਰਨ ਅਤੇ ਸਮੱਸਿਆ ਹੱਲ ਕਰਨ ਦੇ ਹੁਨਰ ਵਿਕਸਤ ਕਰਨ ਦੇ
- ਉਨ੍ਹਾਂ ਦੀਆਂ ਕਾਬਲੀਅਤਾਂ ਵਿੱਚ ਵਧੇਰੇ ਆਤਮ-ਵਿਸ਼ਵਾਸੀ ਅਤੇ ਆਤਮ-ਨਿਰਭਰ ਬਣਨ ਦੇ
- ਉਹਨਾਂ ਦੀ ਦੁਨੀਆਂ ਨਾਲ ਜੁੜਨ, ਖੋਜਣ ਅਤੇ ਯੋਗਦਾਨ ਪਾਉਣ ਦੇ
- ਉਹਨਾਂ ਦੇ ਗਿਆਨ ਨੂੰ ਵਧਾਉਣ ਅਤੇ ਨਵੇਂ ਵਿਚਾਰਾਂ ਦੀ ਪੜਚੋਲ ਕਰਨ ਦੇ, ਜੋ ਉਹਨਾਂ ਦਾ ਵਿਸ਼ਵਾਸ ਵਧਾਉਣ ਵਿੱਚ ਮਦਦ ਕਰਦਾ ਹੈ।

# ਦਾਖਲਾ ਕਿਵੇਂ ਲੈਣਾ ਹੈ

ਕੁਈਨਜ਼ਲੈਂਡ ਵਿੱਚ, ਬੱਚੇ ਪ੍ਰੈਪ ਸ਼ੁਰੂ ਕਰਨ ਤੋਂ ਪਹਿਲਾਂ ਦੇ ਸਾਲ ਵਿੱਚ ਕਿੰਡੀ ਵਿੱਚ ਹਾਜ਼ਰੀ ਭਰ ਸਕਦੇ ਹਨ। ਹਰ ਸੇਵਾ ਵੱਖਰੀ ਹੁੰਦੀ ਹੈ ਅਤੇ ਕੁੱਝ ਲਈ ਉਡੀਕ ਵਾਲੀ ਸੂਚੀ ਲਾਗੂ ਹੋ ਸਕਦੀ ਹੈ, ਇਸ ਲਈ ਆਪਣੇ ਬੱਚੇ ਦਾ ਨਾਮ ਦਾਖਲ ਕਰਵਾਉਣ ਦੇ ਸਭ ਤੋਂ ਵਧੀਆ ਸਮੇਂ ਬਾਰੇ ਆਪਣੀ ਚੁਣੀ ਹੋਈ ਸੇਵਾ ਨਾਲ ਗੱਲ ਕਰਨਾ ਚੰਗਾ ਵਿਚਾਰ ਹੈ।

ਤੁਹਾਡੇ ਬੱਚੇ ਦੀ ਉਮਰ ਉਸ ਸਾਲ 30 ਜੂਨ ਤੱਕ 4 ਸਾਲ ਦੀ ਹੋਣੀ ਲਾਜ਼ਮੀ ਹੈ ਜਿਸ ਸਾਲ ਉਹ ਕਿੰਡੀ ਵਿੱਚ ਹਿੱਸਾ ਲੈਣ ਲਈ ਦਾਖਲ ਹੁੰਦਾ ਹੈ।

| ਬੱਚੇ ਦਾ ਜਨਮ | ਬੱਚਾ ਕਿੰਡੀ ਵਿੱਚ ਹਾਜ਼ਰੀ ਭਰ ਸਕਦਾ ਹੈ |
|---|---|
| 1 ਜੁਲਾਈ 2018 ਤੋਂ 30 ਜੂਨ 2019 ਤੱਕ | 2023 |
| 1 ਜੁਲਾਈ 2019 ਤੋਂ 30 ਜੂਨ 2020 ਤੱਕ | 2024 |
| 1 ਜੁਲਾਈ 2020 ਤੋਂ 30 ਜੂਨ 2021 ਤੱਕ | 2025 |
| 1 ਜੁਲਾਈ 2021 ਤੋਂ 30 ਜੂਨ 2022 ਤੱਕ | 2026 |
| 1 ਜੁਲਾਈ 2022 ਤੋਂ 30 ਜੂਨ 2023 ਤੱਕ | 2027 |
| 1 ਜੁਲਾਈ 2023 ਤੋਂ 30 ਜੂਨ 2024 ਤੱਕ | 2028 |

ਆਪਣੇ ਬੱਚੇ ਦਾ ਨਾਮ ਦਾਖ਼ਲ ਕਰਵਾਉਣ ਲਈ ਤੁਹਾਨੂੰ ਕੀ ਚਾਹੀਦਾ ਹੈ:

- ਤੁਹਾਡੇ ਬੱਚੇ ਦਾ ਨਾਮ ਅਤੇ ਪਤਾ
- ਉਹਨਾਂ ਦੇ ਮਾਤਾ-ਪਿਤਾ, ਦੇਖਭਾਲਕਰਤਾ ਜਾਂ ਸਰਪ੍ਰਸਤ ਵਜੋਂ ਤੁਹਾਡੇ ਵੇਰਵੇ
- ਕਿਸੇ ਅਦਾਲਤੀ ਹੁਕਮਾਂ ਜਾਂ ਪਾਲਣ-ਪੋਸ਼ਣ ਦੇ ਆਦੇਸ਼ਾਂ ਜਾਂ ਯੋਜਨਾਵਾਂ ਦੇ ਵੇਰਵੇ
- ਕਿਸੇ ਵੀ ਵਾਧੂ ਲੋੜੀਂਦੀ ਸਹਾਇਤਾ ਦੇ ਵੇਰਵੇ (ਜਿਵੇਂ ਕਿ ਅਪਾਹਜਤਾ, ਭੋਜਨ ਤੋਂ ਐਲਰਜੀਆਂ ਜਾਂ ਹੋਰ ਲੋੜਾਂ)
- ਜਨਮ ਮਿਤੀ ਦਾ ਸਬੂਤ (ਉਦਾਹਰਨ ਲਈ ਜਨਮ ਸਰਟੀਫਿਕੇਟ)
- ਸਿਹਤ ਅਤੇ ਟੀਕਾਕਰਨ ਦੀ ਸਥਿਤੀ
- ਤੁਹਾਡੇ ਬੱਚੇ ਨੂੰ ਲੈ ਕੇ ਜਾਣ ਦੀ ਆਗਿਆ ਦਿੱਤੇ ਗਏ ਲੋਕਾਂ ਦੇ ਵੇਰਵੇ ਅਤੇ ਐਮਰਜੈਂਸੀ ਵਿੱਚ ਕਿਸ ਨੂੰ ਸੂਚਿਤ ਕਰਨਾ ਹੈ।

ਤੁਹਾਡੀ ਸੇਵਾ ਇਸ ਜਾਣਕਾਰੀ ਨੂੰ ਗੁਪਤ ਰੱਖੇਗੀ ਅਤੇ ਤੁਹਾਡੇ ਕੋਲ ਆਪਣੇ ਬੱਚੇ ਦੇ ਰਿਕਾਰਡਾਂ ਤੱਕ ਪੂਰੀ ਪਹੁੰਚ ਹੋਵੇਗੀ।

# ਕਿੰਡੀ ਪ੍ਰੋਗਰਾਮ ਚੁਣਨਾ

ਕੁਈਨਜ਼ਲੈਂਡ ਦੇ ਸਾਰੇ ਬੱਚੇ ਪ੍ਰੈਪ ਸ਼ੁਰੂ ਕਰਨ ਤੋਂ ਇੱਕ ਸਾਲ ਪਹਿਲਾਂ ਕਿਸੇ ਪ੍ਰਵਾਨਿਤ ਕਿੰਡਰਗਾਰਟਨ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦੇ ਯੋਗ ਹਨ।

ਪ੍ਰਵਾਨਿਤ ਕਿੰਡਰਗਾਰਟਨ ਪ੍ਰੋਗਰਾਮ ਸਰਕਾਰੀ ਦਿਸ਼ਾ-ਨਿਰਦੇਸ਼ਾਂ ਨੂੰ ਪੂਰਾ ਕਰਦਾ ਹੈ, ਅਤੇ ਇਹ:

- ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ, ਯੋਗ ਸ਼ੁਰੂਆਤੀ ਬਚਪਨ ਦੇ ਅਧਿਆਪਕਾਂ ਦੁਆਰਾ ਪ੍ਰਦਾਨ ਕੀਤਾ ਗਿਆ ਇੱਕ ਸਿਖਲਾਈ ਪ੍ਰੋਗਰਾਮ ਹੈ
- ਆਮ ਤੌਰ 'ਤੇ ਪ੍ਰੈਪ ਸ਼ੁਰੂ ਕਰਨ ਤੋਂ ਇੱਕ ਸਾਲ ਪਹਿਲਾਂ ਬੱਚਿਆਂ ਲਈ ਹਫ਼ਤੇ ਵਿਚ 15 ਘੰਟੇ, ਸਾਲ ਵਿਚ 40 ਹਫ਼ਤਿਆਂ ਲਈ ਪ੍ਰਦਾਨ ਕੀਤਾ ਜਾਂਦਾ ਹੈ।
- ਕੁਈਨਜ਼ਲੈਂਡ ਕਿੰਡਰਗਾਰਟਨ ਸਿੱਖਿਆ ਦਿਸ਼ਾ-ਨਿਰਦੇਸ਼ ਜਾਂ ਹੋਰ ਕੁਈਨਜ਼ਲੈਂਡ ਪਾਠਕ੍ਰਮ ਅਤੇ ਮੁਲਾਂਕਣ ਅਥਾਰਟੀ ਦੁਆਰਾ ਮਾਨਤਾ ਪ੍ਰਾਪਤ ਸਿਖਲਾਈ ਪ੍ਰੋਗਰਾਮ ਨਾਲ ਮੇਲ ਖਾਂਦਾ ਹੈ।

ਕੁਈਨਜ਼ਲੈਂਡ ਸਰਕਾਰ ਦੁਆਰਾ ਪ੍ਰਵਾਨਿਤ ਪ੍ਰੋਗਰਾਮ ਦੀ ਪਛਾਣ ਕਰਨ ਵਿੱਚ ਮਦਦ ਕਰਨ ਲਈ, 'ਕਿੰਡੀ ਦਾ ਮਨਜ਼ੂਰੀ ਮਿਲਣ ਲਈ ਲੱਗਿਆ ਸਹੀ ਦਾ ਨਿਸ਼ਾਨ' ਦੇਖੋ, ਜੋ ਇਹ ਹੇਠਾਂ ਦਿੱਤੀ ਤਸਵੀਰ ਹੈ।




# ਕਿੰਡੀ ਦਾ ਖ਼ਰਚਾ ਕਿੰਨ੍ਹਾ ਹੈ

2023 ਤੋਂ, ਕੁਈਨਜ਼ਲੈਂਡ ਸਰਕਾਰ ਕੁਈਨਜ਼ਲੈਂਡ ਦੇ ਬਹੁਤ ਸਾਰੇ ਪਰਿਵਾਰਾਂ ਲਈ ਕਿੰਡੀ ਨੂੰ ਸਸਤਾ ਕਰ ਰਹੀ ਹੈ। ਭਾਵੇਂ ਤੁਸੀਂ ਕਿਸੇ ਸੈਸ਼ਨਲ ਕਿੰਡਰਗਾਰਟਨ ਜਾਂ ਲੰਬੇ ਦਿਨ ਦੀ ਦੇਖਭਾਲ ਵਾਲੇ ਕਿੰਡਰਗਾਰਟਨ ਵਿੱਚ ਜਾ ਰਹੇ ਹੋ, ਤੁਸੀਂ ਮੁਫ਼ਤ ਕਿੰਡੀ ਜਾਂ ਸਸਤੀ ਕਿੰਡੀ ਲਈ ਯੋਗ ਹੋ ਸਕਦੇ ਹੋ।

ਸੇਵਾ ਦੇ ਆਧਾਰ 'ਤੇ ਕਿੰਡੀ ਦੀਆਂ ਫ਼ੀਸਾਂ ਵੱਖ-ਵੱਖ ਹੁੰਦੀਆਂ ਹਨ। ਉਹਨਾਂ ਦੀਆਂ ਫ਼ੀਸਾਂ ਬਾਰੇ ਵੇਰਵਿਆਂ ਲਈ ਆਪਣੀ ਪਸੰਦੀਦਾ ਕਿੰਡੀ ਨਾਲ ਸੰਪਰਕ ਕਰੋ। ਤੁਸੀਂ ਇਹ ਦੇਖਣ ਲਈ **www.qld.gov.au/Kindysavings** 'ਤੇ ਵੀ ਜਾ ਸਕਦੇ ਹੋ ਕਿ ਕੀ ਤੁਸੀਂ ਸਸਤੀ ਜਾਂ ਮੁਫ਼ਤ ਕਿੰਡੀ ਲਈ ਯੋਗ ਹੋ ਜਾਂ ਨਹੀਂ।

ਯੋਗ ਪਰਿਵਾਰਾਂ ਨੂੰ ਮੁਫ਼ਤ ਜਾਂ ਸਸਤੀ ਕਿੰਡੀ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਵਿੱਚ ਦੂਜਿਆਂ ਦੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਵਾਲੇ ਪਰਿਵਾਰ ਵੀ ਸ਼ਾਮਲ ਹਨ, ਜਿਨ੍ਹਾਂ ਕੋਲ:

- ਮੌਜੂਦਾ ਆਸਟ੍ਰੇਲੀਅਨ ਸਰਕਾਰੀ ਹੈਲਥ ਕੇਅਰ ਕਾਰਡ (HCC) ਹੈ (ਜਾਂ ਅਜਿਹਾ ਬੱਚਾ ਹੈ ਜਿਸ ਕੋਲ ਇਹ ਕਾਰਡ ਹੈ)
- ਮੌਜੂਦਾ ਆਸਟ੍ਰੇਲੀਅਨ ਸਰਕਾਰੀ ਪੈਨਸ਼ਨਰ ਰਿਆਇਤ ਕਾਰਡ (ਆਟੋਮੈਟਿਕ HCC ਹੱਕਦਾਰੀਆਂ) ਹਨ।
- ਵੈਟਰਨਜ਼ ਅਫੇਅਰਜ਼ ਦੇ ਵਿਭਾਗ ਦਾ ਗੋਲਡ ਕਾਰਡ ਜਾਂ ਵ੍ਹਾਈਟ ਕਾਰਡ ਹੈ
- ਜਿਨ੍ਹਾਂ ਕੋਲ ਇੱਕ HCC ਜਾਰੀ ਕਰਨ ਦੇ ਇਰਾਦੇ ਨੂੰ ਦਰਸਾਉਂਦਾ ਸੰਬੰਧਿਤ ਏਜੰਸੀ ਤੋਂ ਰਸਮੀ ਸੰਚਾਰ, ਜਿਵੇਂ ਕਿ ਇੱਕ ਪੱਤਰ ਹੈ।
- ਰਸਮੀ ਤੌਰ 'ਤੇ ਪਾਲਣ-ਪੋਸ਼ਣ ਜਾਂ ਰਿਸ਼ਤੇਦਾਰੀ ਵਿੱਚ ਦੇਖਭਾਲ ਕਰਨ ਦੇ ਪ੍ਰਬੰਧਾਂ ਦੇ ਸਬੂਤ ਹਨ
- ਜੋ ਕਿ ਆਦਿਵਾਸੀ ਅਤੇ/ਜਾਂ ਟੋਰੇਸ ਸਟ੍ਰੇਟ ਆਈਲੈਂਡਰ ਵਜੋਂ ਪਛਾਣੇ ਜਾਂਦੇ ਹਨ (ਜਾਂ ਅਜਿਹਾ ਬੱਚਾ ਹੈ ਜੋ ਉਨ੍ਹਾਂ ਵਜੋਂ ਪਛਾਣ ਰੱਖਦਾ ਹੈ)
- ਜਿਨ੍ਹਾਂ ਦੇ ਇੱਕੋ ਉਮਰ ਦੇ ਤਿੰਨ ਜਾਂ ਇਸਤੋਂ ਵੱਧ ਬੱਚੇ ਹਨ, ਇੱਕੋ ਸਾਲ ਵਿੱਚ ਦਾਖ਼ਲ ਹੋਏ ਹਨ
- ਜਿਨ੍ਹਾਂ ਕੋਲ ਇੱਕ ਬੱਚਾ ਹੈ ਜਿਸ ਦੀ ਪਛਾਣ ਘਰ ਤੋਂ ਬਾਹਰ ਦੇ ਰਸਮੀ ਬਾਲ ਸੁਰੱਖਿਆ ਦੇਖਭਾਲ ਪ੍ਰਬੰਧ ਵਿੱਚ ਰਹਿਣ ਦੇ ਰੂਪ ਵਿੱਚ ਹੋਈ ਹੈ।
- ਜੋ ਆਸਟ੍ਰੇਲੀਆ ਦੀ ਸਰਕਾਰ ਦੇ ਸ਼ਰਨਾਰਥੀ ਅਤੇ ਮਾਨਵਤਾਵਾਦੀ ਪ੍ਰੋਗਰਾਮ ਅਧੀਨ ਆਸਟ੍ਰੇਲੀਆ ਵਿੱਚ ਦਾਖਲ ਹੋਏ ਹਨ, ਜਾਂ ਸ਼ਰਣ ਲੈਣ ਦੀ ਪ੍ਰਕਿਰਿਆ ਵਿੱਚ ਹਨ ਅਤੇ ਉਹਨਾਂ ਕੋਲ ਅਸਥਾਈ ਵੀਜ਼ਾ ਹੈ।

ਮੁਫ਼ਤ ਜਾਂ ਸਸਤੀ ਕਿੰਡੀ ਦੀ ਸਬਸਿਡੀ ਸਿੱਧੇ ਤੁਹਾਡੇ ਸੇਵਾ ਪ੍ਰਦਾਤਾ ਨੂੰ ਪ੍ਰਦਾਨ ਕੀਤੀ ਜਾਂਦੀ ਹੈ। ਇਹ ਤੁਹਾਡੇ ਜੇਬ ਵਿੱਚੋਂ ਹੋਣ ਵਾਲੇਖ਼ਰਚਿਆਂ ਨੂੰ ਘਟਾ ਸਕਦੀ ਹੈ। ਇਸ 'ਤੇ ਸਿਰਫ਼ ਇੱਕ ਵਾਰ ਦਾਅਵਾ ਕੀਤਾ ਜਾ ਸਕਦਾ ਹੈ, ਭਾਵੇਂ ਤੁਸੀਂ ਕਈ ਮਾਪਦੰਡਾਂ ਨੂੰ ਪੂਰਾ ਕਰਦੇ ਹੋ।

ਆਸਟ੍ਰੇਲੀਆ ਦੀ ਸਰਕਾਰ ਦੇ ਪਰਿਵਾਰਕ ਟੈਕਸ ਲਾਭ ਲਈ ਯੋਗ ਪਰਿਵਾਰ ਵੀ ਘੱਟ ਫ਼ੀਸਾਂ ਲਈ ਯੋਗ ਹੋ ਸਕਦੇ ਹਨ।

ਲੰਬੇ ਦਿਨ ਦੀ ਦੇਖਭਾਲ ਦੇ ਪ੍ਰਬੰਧ ਹੇਠ ਕਿੰਡੀ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਬੱਚਿਆਂ ਦੇ ਪਰਿਵਾਰ ਵੀ ਆਸਟ੍ਰੇਲੀਆ ਦੀ ਸਰਕਾਰੀ ਚਾਈਲਡ ਕੇਅਰ ਸਬਸਿਡੀ ਲਈ ਯੋਗ ਹੋ ਸਕਦੇ ਹਨ।

ਆਸਟ੍ਰੇਲੀਆ ਦੀ ਸਰਕਾਰ ਦੀਆਂ ਇਹਨਾਂ ਸਬਸਿਡੀਆਂ ਲਈ ਯੋਗਤਾ ਬਾਰੇ ਜਾਣਕਾਰੀ Centrelink ਤੋਂ ਉਪਲਬਧ ਹੈ।

**ਹੋਰ ਜਾਣਕਾਰੀ ਲਈ**
**www.qld.gov.au/kindy 'ਤੇ ਜਾਓ**